ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 15 ਸਤੰਬਰ 2012 ਨੂੰ ਹੋਈ ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰਾਂ ਨਾਲ ਹੋਈ ਮਹੀਨਾਵਾਰ ਰੀਵਿਊ ਮੀਟਿੰਗ ਦੀ ਕਾਰਵਾਈ ਸਬੰਧੀ ।

1.0 **ਸਜ਼ਾ ਯਾਫਤਾ ਕਰਮਚਾਰੀਆਂ ਸੰਬੰਧੀ ਲੋੜੀਂਦੀ ਕਾਰਵਾਈ ਕਰਨ ਸੰਬੰਧੀ।**

ਮੀਟਿੰਗ ਦੌਰਾਨ ਇਹ ਵਿਚਾਰ ਕੀਤਾ ਗਿਆ ਕਿ ਸਿੱਖਿਆ ਵਿਭਾਗ ਦੇ ਕਈ ਮੁਲਾਜ਼ਮ ਜਿਹਨ੍ਹਾਂ ਨੂੰ ਵੱਖ-ਵੱਖ ਅਦਾਲਤਾਂ ਵੱਲੋ ਸਜ਼ਾ ਹੋ ਚੁੱਕੀ ਹੈ ਉਹ ਵਿਭਾਗ ਵਿੱਚ ਅਜੇ ਵੀ ਨੌਕਰੀ ਕਰ ਰਹੇ ਹਨ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਾਨਯੋਗ ਅਦਾਲਤ ਵਲੋ ਸਜ਼ਾ ਹੋਣ ਉਪਰੰਤ ਜੇਕਰ ਮੁਲਾਜਮ ਦੀ ਸਜਾ ਉਪਰਲੀ ਆਦਲਤ ਵੱਲੋ ਸਸਪੈਂਡ ਕਰ ਦਿੱਤੀ ਜਾਂਦੀ ਹੈ ਜਾਂ ਉਸ ਦੀ Conviction ਸਟੇਅ ਕਰ ਦਿੱਤੀ ਜਾਂਦੀ ਹੈ ਤਾਂ ਵੀ ਉਸ ਮੁਲਾਜ਼ਮ ਨੂੰ ਨੌਕਰੀ ਤੋਂ ਕੱਢਿਆ ਜਾਣਾ ਹੈ। ਪਰ ਜੇਕਰ ਕਿਸੇ ਮੁਲਾਜ਼ਮ ਨੂੰ ਉਪਰਲੀ ਐਪੀਲੇਟ ਅਦਾਲਤ ਵੱਲੋ ਬਾਅਦ ਵਿੱਚ ਬਰੀ ਕਰ ਦਿੱਤਾ ਜਾਂਦਾ ਹੈ ਤਾਂ ਉਹ ਮੁਲਾਜ਼ਮ ਦੁਬਾਰਾ ਤੋ ਸਰਕਾਰੀ ਨੌਕਰੀ ਵਿੱਚ ਆਉਣ ਦਾ ਹੱਕਦਾਰ ਹੋ ਜਾਂਦਾ ਹੈ। ਜਦੋ ਤੱਕ ਸਜ਼ਾ ਯਾਫਤਾ ਮੁਲਾਜ਼ਮ ਉਪਰਲੀ ਅਦਾਲਤ ਵੱਲੋਂ ਪੂਰਨ ਤੌਰ ਤੇ ਬਰੀ ਨਹੀ ਕੀਤਾ ਜਾਂਦਾ ਉਦੋ ਤੱਕ ਉਹ ਸਰਕਾਰੀ ਨੌਕਰੀ ਵਿੱਚ ਰਹਿਣ ਦਾ ਹੱਕਦਾਰ ਨਹੀ ਹੈ। ਸਜਾਂ ਯਾਫਤਾ ਮੁਲਾਜ਼ਮ ਨੂੰ ਸਰਕਾਰ ਦੀ ਹਦਾਇਤਾਂ ਅਨੁਸਾਰੰ ਬਿਨਾਂ ਕੋਈ ਨੋਟਿਸ ਦਿੱਤੇ ਜਾਂ ਬਗੈਰ ਉਸ ਦਾ ਕੋਈ ਨਿੱਜੀ ਸੁਣਵਾਈ ਕੀਤੇ ਨੌਕਰੀ ਤੋਂ ਕੱਢਿਆ ਜਾਣਾ ਹੈ। ਇਸ ਸਬੰਧੀ ਸਮੂਹ ਮੰਡਲ ਸਿੱਖਿਆ ਅਫਸਰਾਂ ਅਤੇ ਜਿਲ੍ਹਾਂ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਇਹ ਯਕੀਨੀ ਬਨਾਉਣ ਕਿ ਉਹਨ੍ਹਾ ਦੇ ਅਧੀਨ ਖੇਤਰ ਵਿੱਚ ਕੋਈ ਵੀ ਸਜ਼ਾ ਯਾਫਤਾ ਮੁਲਾਜ਼ਮ ਸਰਕਾਰੀ ਵਿਭਾਗ ਦੀ ਨੌਕਰੀ ਨਾ ਕਰ ਰਿਹਾ ਹੋਵੇ। ਇਸ ਸਬੰਧੀ ਦਫ਼ਤਰ ਵੱਲੋ ਪੱਤਰ ਵੀ ਜਾਰੀ ਕੀਤਾ ਗਿਆ ਹੈ।

2.0 **ਅਧਿਆਪਕਾਂ ਤੋਂ ਸਕੂਲੀ ਸਮੇਂ ਦੌਰਾਨ ਗੈਰ ਵਿਦਿਅਕ ਕੰਮ ਨਾ ਲੈਣ ਬਾਰੇ।**

ਮੀਟਿੰਗ ਦੌਰਾਨ ਦੱਸਿਆ ਗਿਆ ਕਿ ਕਿਸੇ ਵੀ ਕਿਸਮ ਦੀ ਚੋਣ ਡਿਊਟੀ ਨਾਲ ਸਬੰਧਤ ਗੈਰ ਵਿਦਿਅਕ ਕੰਮ ਅਧਿਆਪਕਾਂ ਵੱਲੋ ਸਕੂਲੀ ਸਮੇਂ ਤੋਂ ਬਾਅਦ ਜਾਂ ਛੁੱਟੀ ਵਾਲੇ ਦਿੱਨ ਹੀ ਕਰਨੇ ਹੁੰਦੇ ਹੁੰਦੇ ਹਨ। ਇਸ ਬਾਰੇ ਮਾਨਯੋਗ ਸੁਪਰੀਮ ਕੋਰਟ ਵੱਲੋ ਚੋਣ ਕਮਿਸਨ ਆਫ ਇੰਡੀਆ ਬਨਾਮ ਸੈਂਟ ਮੈਰੀ ਸਕੂਲ (ਸਿਵਲ ਰਿੱਟ ਪਟੀਸ਼ਨ 5659 ਆਫ 2007) ਰਾਹੀ ਫੈਸਲਾ ਕਰਦੇ ਹੋਏ ਹੁਕਮ ਕੀਤੇ ਸਨ ਕਿ "We, therefore, direct that all teaching staff shall be put on the duties of roll revision and election works on holidayds and non-teaching days". ਪਰ ਇਹ ਵੇਖਣ ਵਿੱਚ ਆਇਆ ਹੈ ਕਿ ਜਦੋ ਅਧਿਆਪਕ ਨੂੰ ਚੋਣਾਂ ਸਬੰਧਤ ਡਿਊਟੀ ਲਈ ਹੁਕਮ ਪ੍ਰਾਪਤ ਹੁੰਦੇ ਹਨ ਤਾਂ ਕਈ ਵਾਰ ਅਧਿਆਪਕ ਸਕੂਲ ਵਿੱਚ ਆਪਣੀ ਡਿਊਟੀ ਤੋਂ ਫਾਰਗ ਹੋ ਜਾਂਦੇ ਹਨ ਅਤੇ ਸਕੂਲ ਤੋਂ ਪੂਰਾ ਸਮਾਂ ਬਾਹਰ ਰਹਿੰਦੇ ਹਨ ਜਿਸ ਨਾਲ ਬੱਚਿਆ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ। ਇਸ ਸਬੰਧੀ ਸਮੂਹ ਮੰਡਲ ਸਿੱਖਿਆ ਅਫਸਰਾਂ ਅਤੇ ਜਿਲ੍ਹਾਂ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਇਹ ਯਕੀਨੀ ਬਣਾਉਣ ਕਿ ਵੋਟਰ ਸੂਚੀ ਦੀ ਸੁਧਾਈ ਜਾਂ ਬੂਥ ਲੈਵਲ ਅਫਸਰ (ਬੀ.ਐਲ.ਓ) ਸਬੰਧੀ ਕੰਮ ਜਿਹਨ੍ਹਾ ਅਧਿਆਪਕਾਂ ਨੂੰ ਸੋਪਿਆ ਗਿਆ ਹੈ ਉਹ ਇਹ ਕੰਮ ਸਕੂਲੀ

ਸਮੇਂ ਵਿੱਚ ਬਿਲਕੁਲ ਨਹੀ ਕਰਨਗੇ ਸਗੋਂ ਇਹ ਕੰਮ ਛੁੱਟੀ ਵਾਲੇ ਦਿਨ ਅਤੇ/ਜਾਂ ਪੜ੍ਹਾਈ ਦੇ ਸਮੇਂ ਤੋਂ ਬਾਅਦ ਵਿੱਚ ਕਰਨਗੇ।

3.0 ਡੀ.ਆਰ.ਪੀ/ਬੀ.ਆਰ.ਪੀ ਦੀ ਡਿਊਟੀ ਸਬੰਧੀ।

ਮੀਟਿੰਗ ਦੌਰਾਨ ਇਹ ਧਿਆਨ ਵਿੱਚ ਆਇਆ ਕਿ ਕਈ ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਵੱਲੋ ਬੀ.ਆਰ.ਪੀ/ਡੀ.ਆਰ.ਪੀ ਦੀ ਨਿਯੁਕਤੀ ਦਾ ਕੰਮ ਅਜੇ ਤੱਕ ਪੂਰਾ ਨਹੀ ਕੀਤਾ ਗਿਆ, ਇਸ ਸਬੰਧੀ ਉਹਨ੍ਹਾ ਨੂੰ ਹਦਾਇਤ ਕੀਤੀ ਗਈ ਕਿ ਉਹ ਬੀ.ਆਰ.ਪੀ/ਡੀ.ਆਰ.ਪੀ ਦੀ ਨਿਯੁਕਤੀ ਦਾ ਕੰਮ ਤਰੁੰਤ ਪੂਰਾ ਕਰਨ। ਕਈ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਵੱਲੋ ਧਿਆਨ ਵਿੱਚ ਲਿਆਦਾ ਕਿ ਜਿਹੜੇ ਬੀ.ਆਰ.ਪੀ/ਡੀ.ਆਰ.ਪੀ ਜਿਲ੍ਹਾ ਦਫਤਰਾਂ/ ਬਲਾਕਾਂ ਵਿੱਚ ਐਡਜਸਟ ਕੀਤੇ ਗਏ ਹਨ, ਉਹਨਾਂ ਦਾ ਸਮੇਂ ਕਿਵੇ ਨਿਸਚਿਤ ਕੀਤਾ ਜਾਵੇ, ਇਸ ਸਬੰਧੀ ਫੈਸਲਾ ਕੀਤਾ ਗਿਆ ਕਿ ਜਿਹੜੇ ਬੀ.ਆਰ.ਪੀ/ਡੀ.ਆਰ.ਪੀ ਕੰਪੋਨੈਂਟਾਂ ਨਾਲ ਸਬੰਧਤ ਹਨ ਉਹ ਸਵੇਰੇ 9:00 ਵਜੇ ਤੋ ਸ਼ਾਮ 5:00 ਵਜੇ ਤੱਕ ਕੰਮ ਕਰਨਗੇ ਅਤੇ ਜਿਹੜੇ ਬੀ.ਆਰ.ਪੀ/ਡੀ.ਆਰ.ਪੀ ਵਿਸ਼ਾ ਮਾਹਿਰ ਹਨ, ਉਹ ਸਕੂਲ ਸਮੇ ਅਨੁਸਾਰ ਕੰਮ ਕਰਨਗੇ, ਜਿਵੇ ਕਿ ਸਵੇਰੇ 8:00 ਵਜੇ ਤੋ ਦੁਪਹਿਰ 2:00 ਵਜੇ ਤੱਕ। ਇਸ ਸਬੰਧੀ ਮੁੱਖ ਦਫਤਰ ਤੋਂ ਵੀ ਪੱਤਰ ਜਲਦ ਜਾਰੀ ਕੀਤਾ ਜਾਵੇਗਾ।

4.0 ਸਕੂਲਾਂ ਵਿੱਚ ਕਮਰਿਆਂ ਦੀ ਲੋੜ ਸਬੰਧੀ।

ਮੀਟਿੰਗ ਦੌਰਾਨ ਇਹ ਵਿਚਾਰ ਕੀਤਾ ਗਿਆ ਕਿ DISE ਭਰਨ ਵੇਲੇ ਸਕੂਲਾਂ ਵਿੱਚ ਕਮਰੇ ਦਾਂ ਮੰਗ ਵਿਦਿਆਰਥੀਆਂ ਦੀ ਗਿਣਤੀ ਅਤੇ ਮੌਜੂਦਾ ਹਾਲਾਤਾ ਨੂੰ ਮੱਦੇ ਨਜਰ ਰੱਖ ਕੇ ਨਹੀ ਕੀਤੀ ਜਾਦੀ, ਜਿਸ ਨਾਲ ਜਿਥੇ ਫੰਡਾ ਦੀ ਦੁਰਵਰਤੋ ਹੁੰਦੀ ਹੈ ਉਥੇ ਲੋੜਵੰਦ ਸਕੂਲਾਂ ਵਿੱਚ ਕਮਰਿਆ ਦੀ ਘਾਟ ਬਣੀ ਰਹਿੰਦੀ ਹੈ। ਇਸ ਲਈ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹ DISE ਭਰਨ ਵੇਲੇ ਇਹ ਯਕੀਨੀ ਬਣਾਉਣ ਕਿ ਜਿਹੜੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵੱਧ ਹੈ ਅਤੇ ਸਕੂਲਾਂ ਵਿੱਚ ਵਿਦਿਆਰਥੀ ਕਮਰਿਆ ਦਾ ਘਾਟ ਕਾਰਨ ਬਾਹਰ ਬੈਠਣ ਲਈ ਮਜਬੂਰ ਹਨ ਅਤੇ ਜਿਹੜੇ ਸਕੂਲ ਵਿੱਚ ਕਮਰੇ ਅਣਸੁੱਰਖਿਅਤ ਹਨ, ਉਹਨ੍ਹਾਂ ਦੀ ਮੰਗ DISE ਭਰਨ ਵੇਲੇ ਕੀਤੀ ਜਾਵੇ।ਇਸ ਸਬੰਧੀ ਜਿਲ੍ਹਾ ਪਲੈਨਿੰਗ ਇਨਚਾਰਜ ਅਤੇ ਐਮ.ਆਈ.ਐਸ ਕੋਆਡੀਨੇਟਰ ਦੀ ਜਿੰਮੇਵਾਰੀ ਵੀ ਨਿਸ਼ਚਿਤ ਕੀਤੀ ਜਾਵੇ।

5.0 ਪ੍ਰਾਇਮਰੀ ਸਿੱਖਿਆ ਦੇ ਸੁਧਾਰ ਦਾ 'ਪ੍ਰਵੇਸ਼' ਪ੍ਰੋਗਰਾਮ ਲਾਗੂ ਕਰਨ ਬਾਰੇ।

ਪ੍ਰਾਇਮਰੀ ਸਿੱਖਿਆ ਵਿਚ ਗੁਣਾਤਮਕ ਏਜੰਡੇ ਨੂੰ ਲੈ ਕੇ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿਚ "ਪ੍ਰਵੇਸ਼" ਨਾਂ ਦਾ ਨਵਾਂ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਇਸ ਉਪਰਾਲੇ ਸਦਕਾ ਪ੍ਰਾਇਮਰੀ ਸਕੂਲਾਂ ਵਿਚ "ਪ੍ਰਵੇਸ਼" ਪ੍ਰਾਜੈਕਟ ਤਹਿਤ ਗੁਣਾਤਮਕ ਸਿੱਖਿਆ ਦੀ ਬੁਨਿਆਦ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਕੰਮ ਕੀਤਾ ਜਾਵੇਗਾ। ਲਾਜ਼ਮੀ ਸਿੱਖਿਆ ਦੇ ਅਧਿਕਾਰ ਕਾਨੂੰਨ 2009 ਤਹਿਤ 6 ਤੋਂ 14 ਸਾਲ ਦੇ ਬੱਚਿਆਂ ਨੂੰ ਬੁਨਿਆਦੀ ਸਿੱਖਿਆ ਦੇ ਖੇਤਰ ਵਿਚ ਪ੍ਰੰਪਰਾਗਤ

ਧਾਰਨਾਵਾਂ ਨੂੰ ਤੋੜ ਕੇ ਨਵੀਆਂ ਪਹਿਲ ਕਦਮੀਆਂ ਲਈ ਅਧਾਰ ਤਿਆਰ ਕੀਤਾ ਹੈ। ਪ੍ਰਾਜੈਕਟ ਰਾਹੀਂ ਬੱਚੇ ਦੇ ਸਰਬਪੱਖੀ ਵਿਕਾਸ ਵੱਲ ਧਿਆਨ ਦਿੱਤਾ ਜਾਵੇਗਾ। ਇਸ ਵਿਚ ਜਿੱਥੇ ਹਰੇਕ ਵਿਦਿਆਰਥੀ ਦੀ ਗੁਣਾਤਮਕਤਾ ਦੀ ਜਾਂਚ, ਟੀਚੇ ਅਤੇ ਟਰੀਟਮੈਂਟ ਬਾਲ ਮਾਨਸਿਕਤਾ ਅਨੁਸਾਰੀ ਰੱਖਿਆ ਗਿਆ ਹੈ ਉੱਥੇ ਇਸ ਪ੍ਰਾਜੈਕਟ ਰਾਹੀਂ ਸਮੇਂ ਦੀ ਮੰਗ ਅਨੁਸਾਰ ਸਿੱਖਿਆ ਵਿਚ ਆਡੀਓ-ਵਿਜ਼ੂਅਲ ਤਕਨੀਕਾਂ, ਸਪਲੀਮੈਂਟਰੀ ਮਟੀਰੀਅਲ ਅਤੇ ਪਾਠਕ੍ਰਮ ਦੇ ਆਪਸੀ ਸੁਮੇਲ ਨਾਲ ਵਿਦਿਆਰਥੀਆਂ ਦਾ ਸਿੱਖਣ ਪੱਧਰ ਉੱਚਾ ਚੁੱਕਿਆ ਜਾਵੇਗਾ। "ਪ੍ਰਵੇਸ਼" ਪ੍ਰਾਜੈਕਟ ਦਾ ਟੀਚਾ ਇਹ ਵੀ ਹੈ ਕਿ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਪਹਿਲੀ ਤੋਂ ਤੀਜੀ ਜਮਾਤ ਦੇ ਹਰ ਬੱਚੇ ਨੂੰ ਪੜ੍ਹਨਾ ਲਿਖਣਾ ਅਤੇ ਮੁਢਲਾ ਹਿਸਾਬ ਆ ਜਾਵੇ ਅਤੇ ਚੌਥੀ ਅਤੇ ਪੰਜਵੀਂ ਜਮਾਤ ਦਾ ਕੋਈ ਵੀ ਬੱਚਾ ਇਸ ਯੋਗਤਾ ਤੋਂ ਵਾਂਝਾ ਨਾ ਰਹੇ ਅਤੇ ਉਹ ਆਪਣਾ ਜਮਾਤੀ ਪਾਠਕ੍ਰਮ ਬਿਨਾਂ ਕਿਸੇ ਬੋਝ ਦੇ ਸੌਖਿਆਂ ਹੀ ਪੂਰਾ ਕਰ ਸਕੇ। ਆਧੁਨਿਕ ਸਿੱਖਿਆ ਦੇ ਦੌਰ ਵਿਚ ਰੱਟਾ ਪ੍ਰਣਾਲੀ ਨੂੰ ਮੁਕੰਮਲ ਤੌਰ 'ਤੇ ਖਤਮ ਕਰਕੇ ਇਸ ਦੀ ਥਾਂ ਬੱਚੇ ਦੀ ਲੋੜ ਅਤੇ ਸਿੱਖਣ ਪੱਧਰ ਨੂੰ ਉੱਚਾ ਚੁੱਕਣ ਲਈ ਖੇਡ ਵਿਧੀ ਰਾਹੀਂ ਪੜ੍ਹਾਉਣਾ, ਜਮਾਤੀ ਕ੍ਰਿਆਵਾਂ 'ਤੇ ਜ਼ੋਰ, ਪੜ੍ਹਨ ਪਾਠ ਸਮੱਗਰੀ, ਗਤੀਵਿਧੀ ਅਧਾਰਿਤ ਸਿੱਖਿਆ, ਸਰੀਰਕ ਖੇਡਾਂ, ਸੱਭਿਆਚਾਰਕ ਗਤੀਵਿਧੀਆਂ, ਪਹਾੜੇ, ਸਵੇਰ ਦੀ ਸਭਾ, ਬਾਲ ਸਭਾ ਆਦਿ ਨੂੰ ਇਸ ਪ੍ਰਾਜੈਕਟ ਵਿਚ ਵਿਸ਼ੇਸ਼ ਤਵੱਜੋ ਦਿੱਤੀ ਗਈ ਹੈ। ਇਸਦੇ ਨਾਲ ਹੀ ਇਸ ਪ੍ਰਾਜੈਕਟ ਦੇ ਤਹਿਤ ਅਧਿਆਪਕ ਨੂੰ ਬਾਲ ਮਾਨਸਿਕਤਾ ਪ੍ਰਤੀ ਸੰਵੇਦਨਸ਼ੀਲ ਪਹੁੰਚ ਅਪਣਾਉਣ ਪੱਖੋਂ ਵਿਸ਼ੇਸ਼ ਸਿਖਲਾਈ ਦਿੰਦਿਆਂ ਉਸਨੂੰ ਅਧਿਆਪਨ ਸਿਖਲਾਈ ਦਾ ਜ਼ਰੂਰੀ ਭਾਗ ਬਣਾਇਆ ਜਾਵੇਗਾ।

ਮੀਟਿੰਗ ਦੌਰਾਨ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) /(ਐ.ਸਿ) ਪੰਜਾਬ ਨੂੰ ਕਿਹਾ ਕਿ "ਪ੍ਰਵੇਸ਼" ਪ੍ਰਾਜੈਕਟ ਵੱਡੇ ਪੱਧਰ 'ਤੇ ਪ੍ਰਾਇਮਰੀ ਪੱਧਰ ਦੀ ਸਿੱਖਿਆ ਵਿਚ ਸੁਧਾਰ ਲਿਆਉਣ ਦੀ ਇਕ ਕੋਸ਼ਿਸ਼ ਹੈ ਪਰ ਇਹ ਸੁਧਾਰ ਕਿਸੇ ਇਕੱਲੇ ਵਿਅਕਤੀ ਨਾਲ ਨਹੀਂ ਬਲਕਿ ਪੂਰੀ ਟੀਮ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਇਸ ਟੀਮ ਵਿਚ ਸਟੇਟ ਪੱਧਰ 'ਤੇ ਸਟੇਟ ਪ੍ਰਾਜੈਕਟ ਕੋਆਰਡੀਨੇਟਰ, ਜ਼ਿਲ੍ਹਾ ਪੱਧਰ 'ਤੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ, ਬਲਾਕ ਸਿੱਖਿਆ ਅਫ਼ਸਰ, ਜ਼ਿਲ੍ਹਾ ਰਿਸੋਰਸ ਪਰਸਨ (ਪ੍ਰਾਇਮਰੀ.ਸਿੱਖਿਆ) ਡਾਇਟ ਪ੍ਰਿੰਸੀਪਲ ਆਦਿ ਆਪਣੇ ਆਪਣੇ ਜ਼ਿਲ੍ਹਿਆਂ ਵਿਚ ਇਸ ਪ੍ਰਾਜੈਕਟ ਨੂੰ ਸਫ਼ਲ ਬਣਾਉਣ ਲਈ ਪ੍ਰਮੁੱਖ ਭੂਮਿਕਾ ਨਿਭਾਉਣਗੇ।

6.0 <u>ਜਿਲ੍ਹਾ ਦਫ਼ਤਰਾ ਵਿੱਚ ਪਏ ਅਣਵਰਤੋ ਫੰਡਾਂ ਸਬੰਧੀ।</u>

ਮੀਟਿੰਗ ਦੌਰਾਨ ਇਹ ਧਿਆਨ ਵਿੱਚ ਆਇਆ ਕਿ ਕਈ ਅਣਵਰਤੋ ਫੰਡ ਜਿਵੇ ਕਿ Exam ਫੰਡ, ਸਪੋਰਟਸ ਫੰਡ ਆਦਿ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ) /(ਐ.ਸਿ) ਦਫ਼ਤਰਾਂ ਵਿੱਚ ਕਾਫੀ ਸਾਲਾ ਤੋ ਪਏ ਹਨ, ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਕਿਹਾ ਗਿਆ ਕਿ ਉਹਨਾਂ ਦੇ ਪੱਧਰ ਤੇ ਜਿਹੜੇ ਫੰਡ ਚਲਾਏ ਜਾ ਰਹੇ ਹਨ ਉਹਨਾਂ ਬਾਰੇ ਸੂਚਨਾਂ ਮੁੱਖ ਦਫਤਰ ਨੂੰ ਭੇਜੀ ਜਾਵੇ ਅਤੇ ਇਸ ਸਬੰਧੀ ਪੱਤਰ ਮੁੱਖ ਦਫਤਰ ਤੋ ਵੀ ਜਾਰੀ ਕੀਤਾ ਜਾਵੇ।

7.0 **ਗਾਈਡਾਂ ਰਾਹੀ ਵਿਦਿਆਰਥੀਆਂ ਨੂੰ ਪੜ੍ਹਾਉਣ ਸਬੰਧੀ।**

ਮੀਟਿੰਗ ਦੌਰਾਨ ਵਿਚਾਰ ਕੀਤਾ ਗਿਆ ਕਿ ਅਜੇ ਵੀ ਕਈ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਬਲੈਕ ਬੋਰਡ ਦੀ ਵਰਤੋਂ ਨਹੀ ਕੀਤੀ ਜਾਂਦੀ ਸਗੋ ਅਧਿਆਪਕਾਂ ਵੱਲੋ ਸਿਰਫ ਗਾਈਡਾਂ ਰਾਹੀ ਹੀ ਸਮਝਾਇਆ ਜਾਦਾਂ ਹੈ, ਜਿਸ ਕਰਕੇ ਵਿਦਿਆਰਥੀ ਗਾਈਡਾਂ ਖਰੀਦਣ ਲਈ ਮਜਬੂਰ ਹੋ ਜਾਂਦੇ ਹਨ। ਇਸ ਲਈ ਜਿਲ੍ਹਾ ਸਿੱਖਿਆ ਅਫਸਰ ਨੂੰ ਕਿਹਾ ਗਿਆ ਕਿ ਉਹ ਇਹ ਯਕੀਨੀ ਬਣਾਉਣ ਕਿ ਸਕੂਲਾ ਵਿੱਚ ਵਿਸ਼ੇਸ਼ ਕਰਕੇ ਸਾਇੰਸ ਅਤੇ ਗਣਿਤ ਵਿਸ਼ੇ ਪੜ੍ਹਾਉਣ ਲਈ ਬਲੈਕ ਬੋਰਡ ਦੀ ਵਰਤੋਂ ਕਰਨ ਅਤੇ ਗਾਈਡਾਂ ਦਾ ਉਪਯੋਗ ਨਾਂ ਕੀਤਾ ਜਾਵੇ।

8.0 **ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕਰਨ ਸਬੰਧੀ।**

ਮੀਟਿੰਗ ਦੌਰਾਨ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਅਜੇ ਤੱਕ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਨਹੀਂ ਕੀਤਾ ਗਿਆ ਜਿਸ ਨਾਲ ਸਕੂਲਾਂ ਨੂੰ ਫੰਡ ਆਦਿ ਟਰਾਂਸਫਰ ਕਰਨ ਅਤੇ ਹੋਰ ਕਈ ਤਰਾਂ ਦੀਆਂ ਵਿਭਾਗੀ ਕਾਰਵਾਈਆਂ ਪੂਰੀਆਂ ਕਰਨ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ। ਇਸ ਲਈ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਹਦਾਇਤ ਕੀਤੀ ਗਈ ਕਿ ਉਨ੍ਹਾਂ ਅਧੀਨ ਆਉਦੇ ਸਮੂਹ ਸਕੂਲਾਂ ਵਿੱਚ ਹਰ ਹਾਲਤ ਵਿੱਚ ਮਿਤੀ 22.09.2012 ਤੱਕ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕੀਤਾ ਜਾਵੇ ਅਤੇ ਇਸ ਸਬੰਧੀ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ।

9.0 **ਸਕੂਲਾਂ ਵਿੱਚ ਪਏ ਵਾਧੂ ਫਰਨੀਚਰ ਸਬੰਧੀ**

ਸਕੂਲਾਂ ਦੇ ਨਿਰੀਖਣ ਦੌਰਾਨ ਇਹ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਵਾਧੂ ਫਰਨੀਚਰ ਪਿਆ ਹੈ ਜੋ ਕਿ ਪ੍ਰਯੋਗ ਨਹੀਂ ਹੋ ਰਿਹਾ ਅਤੇ ਕਈ ਸਕੂਲਾਂ ਵਿੱਚ ਫਰਨੀਚਰ ਦੀ ਘਾਟ ਹੈ। ਇਸ ਲਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਜਿਨ੍ਹਾਂ ਸਕੂਲਾਂ ਵਿੱਚ ਵਾਧੂ ਫਰਨੀਚਰ ਪਿਆ ਹੈ ਉਸ ਫਰਨੀਚਰ ਨੂੰ ਦੂਸਰੇ ਸਕੂਲਾਂ ਵਿੱਚ ਸ਼ਿਫਟ ਕੀਤਾ ਜਾਵੇ ਜਿਥੇ ਕਿ ਫਰਨੀਚਰ ਦੀ ਘਾਟ ਹੈ। ਇਸ ਸਬੰਧੀ ਹਦਾਇਤ ਕੀਤੀ ਗਈ ਕਿ ਮਿਤੀ 30.09.2012 ਤੱਕ ਸਾਰੇ ਸਕੂਲਾਂ ਵਿੱਚੋਂ ਵਾਧੂ ਫਰਨੀਚਰ ਨੂੰ ਲੋੜ ਵਾਲੇ ਦੂਸਰੇ ਸਕੂਲਾਂ ਵਿੱਚ ਸ਼ਿਫਟ ਕੀਤਾ ਜਾਵੇ। ਇਸ ਉਪਰੰਤ ਜਿਨ੍ਹਾਂ ਸਕੂਲਾਂ ਵਿੱਚ ਅਜੇ ਵੀ ਫਰਨੀਚਰ ਦੀ ਘਾਟ ਹੈ ਉਨ੍ਹਾਂ ਦੀ ਰਿਪੋਰਟ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।

10.0 **ਸਕੂਲਾਂ ਵਿੱਚ ਪੰਚਾਇਤਾਂ/ਅਧਿਆਪਕਾਂ ਅਤੇ ਦਾਨੀ ਸੱਜਣਾ ਵੱਲੋ ਦਾਨ ਕੀਤੇ ਵੱਖਰੇ ਸਕੂਲ ਫੰਡਾਂ ਸਬੰਧੀ।**

ਸਕੂਲਾਂ ਵਿੱਚ ਪੰਚਾਇਤਾਂ/ਅਧਿਆਪਕਾਂ ਅਤੇ ਦਾਨੀ ਸੱਜਣਾਂ ਵੱਲੋਂ ਸਕੂਲ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਜੋ ਦਾਨ ਦਿੱਤਾ ਜਾਂਦਾ ਹੈ ਉਹ ਇਹਨ੍ਹਾਂ ਵਿਦਿਆਰਥੀਆਂ ਅਤੇ ਸਕੂਲਾਂ ਦੀ ਬੇਹਤਰੀ ਲਈ ਬਹੁਤ ਲਾਹੇਵੰਦ ਸਾਬਿਤ ਹੁੰਦਾ ਹੈ। ਇਨ੍ਹਾਂ ਫੰਡਾਂ ਨੂੰ ਚਲਾਉਣ ਲਈ ਇਸ ਦਫ਼ਤਰ ਵੱਲੋਂ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ ਜਿਸ ਰਾਂਹੀ ਦੱਸਿਆ ਗਿਆ ਹੈ ਕਿ ਸਕੂਲ ਮੁੱਖੀ

ਇਕ ਵੱਖਰਾ ਬੈਂਕ ਖਾਤਾ ਸਕੂਲ ਭਲਾਈ ਫੰਡ (School Welfare Fund) ਦੇ ਨਾਮ ਤੇ ਖੋਲ ਸਕਦੇ ਹਨ। ਇਸ ਨੂੰ ਪਾਰਦਰਸ਼ੀ ਢੰਗ ਨਾਲ ਖਰਚਣ ਲਈ ਇਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਾਵੇ ਜਿਸ ਵਿਚ ਸਕੂਲ ਮੁੱਖੀ, ਸਭ ਤੋਂ ਸੀਨੀਅਰ ਅਧਿਆਪਕ ਅਤੇ ਸਕੂਲ ਮੈਨੇਜਮੈਂਟ ਕਮੇਟੀ ਦਾ ਪ੍ਰਧਾਨ ਮੈਂਬਰ ਵੱਜੋ ਲਿਆ ਜਾਵੇ।

ਇਸ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ) ਨੂੰ ਹਦਾਇਤ ਕੀਤੀ ਗਈ ਕਿ ਜਿਨ੍ਹਾਂ ਸਕੂਲਾਂ ਵਿੱਚ ਅਜਿਹੇ ਫੰਡ ਅਜੇ ਸ਼ੁਰੂ ਨਹੀਂ ਹੋਏ ਉਨ੍ਹਾਂ ਸਕੂਲਾਂ ਦੇ ਅਧਿਆਪਕਾਂ/ਮੁਖੀਆਂ ਨੂੰ ਵੀ ਆਪਣੇ ਪੱਧਰ ਤੇ ਵੈਲਫੇਅਰ ਫੰਡ ਸਥਾਪਿਤ ਕਰਨ ਬਾਰੇ ਉਤਸ਼ਾਹਿਤ ਕੀਤਾ ਜਾਵੇ। ਤਾਂ ਜੋ ਦਾਨੀ ਸੱਜਣਾਂ ਵੱਲੋਂ ਦਾਨ ਕੀਤੇ ਪੈਸੇ ਜਾਂ ਹੋਰ ਸਹਾਇਤਾ ਨੂੰ ਵਿਦਿਆਰਥੀਆਂ ਅਤੇ ਸਕੂਲਾਂ ਦੀ ਭਲਾਈ ਲਈ ਵਰਤਿਆ ਜਾ ਸਕੇ। ਇਹ ਵੀ ਕਿਹਾ ਗਿਆ ਕਿ ਜਿਹੜੇ ਸਕੂਲਾਂ ਵਿੱਚ ਅਜਿਹੇ ਫੰਡ ਚਲਾਏ ਜਾ ਰਹੇ ਹਨ ਉਨ੍ਹਾਂ ਦੀ ਸੂਚਨਾ ਅਗਲੀ ਹੋਣ ਵਾਲੀ ਰਿਵੀਊ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।

**11.0 <u>Report of adjoining Schools</u>** .

ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਕਈ ਥਾਵਾਂ ਤੇ ਇਕ ਹੀ ਕੈਂਪਸ ਵਿੱਚ ਪ੍ਰਾਇਮਰੀ ਅਤੇ ਮਿਡਲ ਸਕੂਲ ਅਲੱਗ-ਅਲੱਗ ਚਲ ਰਹੇ ਹਨ। ਜਿਸ ਨਾਲ ਮਾਨਵ ਸੰਸਾਧਨਾ ਅਤੇ ਜਗ੍ਹਾਂ ਦੀ ਬਰਬਾਦੀ ਹੁੰਦੀ ਹੈ। ਇਸ ਲਈ ਇਕ ਕਿਲੋਮੀਟਰ ਦੇ ਘੇਰੇ ਵਿੱਚ ਚਲ ਰਹੇ ਸਰਕਾਰੀ ਪ੍ਰਾਇਮਰੀ / ਜ਼ਿਲ੍ਹਾ ਪ੍ਰੀਸ਼ਦ ਦੇ ਸਕੂਲ ਅਤੇ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਪੈਂਦੇ ਸਰਕਾਰੀ ਮਿਡਲ/ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਬਾਰੇ ਨਿਸ਼ਚਿਤ ਪ੍ਰਫਾਰਮੇ ਵਿੱਚ ਰਿਪੋਰਟ ਮੰਗੀ ਗਈ ਸੀ। ਪ੍ਰੰਤੂ ਕਈ ਜ਼ਿਲ੍ਹਿਆਂ ਤੋਂ ਅਜੇ ਤਕ ਰਿਪੋਰਟ ਪ੍ਰਾਪਤ ਨਹੀਂ ਹੋਈ। ਇਸ ਸਬੰਧੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਨੂੰ ਹਦਾਇਤ ਕੀਤੀ ਗਈ ਕਿ ਅਜਿਹੇ ਸਕੂਲਾਂ ਬਾਰੇ ਰਿਪੋਰਟ ਤੁਰੰਤ ਇਸ ਦਫ਼ਤਰ ਨੂੰ ਭੇਜੀ ਜਾਵੇ। ਏ.ਐਸ.ਪੀ.ਡੀ. (ਐਚ.ਆਰ.) ਨੂੰ ਰਿਪੋਰਟ ਇਕੱਠੀ ਕਰਕੇ ਤੁਰੰਤ ਮਿਸਲ ਪੇਸ਼ ਕਰਨ ਸਬੰਧੀ ਹਦਾਇਤ ਕੀਤੀ ਗਈ ਤਾਂ ਜੋ ਇਨ੍ਹਾਂ ਸਕੂਲਾਂ ਨੂੰ ਕਲਬ ਕਰਨ ਸਬੰਧੀ ਕਾਰਵਾਈ ਅਰੰਭੀ ਜਾ ਸਕੇ।

**12.0 <u>ਆਰ.ਟੀ.ਈ. ਐਕਟ ਸਬੰਧੀ</u>**

ਆਰ.ਟੀ.ਈ. ਨਿਯਮ 2011 ਦੇ ਨਿਯਮ 11.1 ਵਿੱਚ ਰਾਜ ਸਰਕਾਰ ਵੱਲੋਂ ਢਿੱਲ ਦਿੰਦੇ ਹੋਏ ਪ੍ਰਾਇਵੇਟ ਸਕੂਲਾਂ ਨੂੰ ਘੋਸ਼ਣਾ ਪੱਤਰ / ਫਾਰਮ ਦੇਣ ਦੀ ਮਿਆਦ ਤਿੰਨ ਮਹੀਨੇ ਤੋਂ ਵਧਾ ਕੇ ਇਕ ਸਾਲ (ਮਿਤੀ 12-10-2012 ਤਕ) ਕਰ ਦਿੱਤੀ ਗਈ ਹੈ ਜਿਲ੍ਹਾਂ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਨਿਯਮਾਂ ਅਧੀਨ ਦਰਜ਼ ਜ਼ਾਬਤਾ ਅਪਣਾਉਦੇ ਹੋਏ ਤਿੰਨ ਮਹੀਨੇ ਦੇ ਅੰਦਰ-ਅੰਦਰ ਸਕੂਲ ਦੀ ਇੰਨਸਪੈਕਸ਼ਨ ਕਰੇਗਾ ਅਤੇ ਜੇਕਰ ਸਕੂਲ ਨਾਰਮਜ਼ ਅਤੇ ਸ਼ਰਤਾਂ ਦੇ ਅਨੁਕੂਲ ਪਾਇਆ ਜਾਂਦਾ ਹੈ ਤਾਂ ਜਿਲ੍ਹਾਂ ਸਿੱਖਿਆ ਅਫ਼ਸਰ (ਐਲੀਮੈਂਟਰੀ) ਮਾਨਤਾ ਸਰਟੀਫਿਕੇਟ ਪ੍ਰਦਾਨ ਕਰਨਗੇ। ਜੇਕਰ ਕੋਈ ਸਕੂਲ ਨਾਰਮਜ਼ ਸਟੈਂਡਰਡ ਅਤੇ ਸ਼ਰਤਾਂ ਦੇ ਅਨੁਕੂਲ ਨਹੀਂ ਪਾਇਆ ਜਾਂਦਾ ਤਾਂ ਜਿਲ੍ਹਾਂ

ਸਿੱਖਿਆ ਅਫ਼ਸਰ ਉਸ ਸਕੂਲ ਨੂੰ ਆਪਣੇ ਹੁਕਮ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾਂ ਰਾਹੀਂ ਸੂਚੀਬੱਧ ਕਰੇਗਾ। ਅਜਿਹਾ ਸਕੂਲ ਹੁਕਮ ਪ੍ਰਕਾਸ਼ਤ ਹੋਣ ਤੋਂ ਇੱਕ ਸਾਲ ਦੇ ਅੰਦਰ 40 ਪ੍ਰਤੀਸ਼ਤ ਤਰੁਟੀਆਂ ਦੂਰ ਕਰ ਸਕੇਗਾ ਅਤੇ ਉਸ ਦੀ ਸੂਚਨਾਂ ਜਿਲ੍ਹਾਂ ਸਿੱਖਿਆ ਅਫ਼ਸਰ ਨੂੰ ਦੇਵੇਗਾ। ਅਜਿਹੇ ਸਕੂਲ ਲਈ ਨਿਯਮਾ ਦੇ ਲਾਗੂ ਹੋਣ ਤੋਂ ਤਿੰਨ ਸਾਲ ਦੇ ਅੰਦਰ-ਅੰਦਰ ਸਾਰੀਆਂ ਤਰੁਟੀਆਂ ਦੂਰ ਕਰਨੀਆਂ ਲਾਜ਼ਮੀ ਹਨ। ਉਹ ਸਕੂਲ ਜੋ ਮਿੱਥੇ ਸਮੇਂ ਅੰਦਰ ਨਾਰਮਜ਼ ਸਟੈਂਡਰਡ ਅਤੇ ਸ਼ਰਤਾਂ ਪੂਰੀਆਂ ਨਹੀਂ ਕਰਨਗੇ ਉਹ ਬੰਦ ਕਰ ਦਿੱਤੇ ਜਾਣਗੇ। ਇਸ ਦੀ ਸੂਚਨਾ ਦੇਣ ਲਈ ਵਿਭਾਗ ਦੀ ਵੈਬਸਾਈਟ ਉਤੇ ਅਤੇ ਅਖਬਾਰਾਂ ਵਿੱਚ ਵੀ ਜਨਤਕ ਸੂਚਨਾ ਜਾਰੀ ਕੀਤੀ ਜਾਵੇ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**